# ਅੰਤਰ ਰਾਸ਼ਟਰੀ ਖ਼ਬਰਾਂ

## ਅਫਗਾਨਿਸਤਾਨ 'ਚ ਕੈਨੇਡਾ ਦਾ ਇੱਕ ਹੋਰ ਜਵਾਨ ਸ਼ਹੀਦ

ਕੰਧਾਰ, ਅਫਗਾਨਿਸਤਾਨ- ਅਫਗਾਨ ਮਿਸ਼ਨ ਉੱਤੇ ਗਏ 108ਵੇਂ ਜਵਾਨ ਵਜੋਂ ਸ਼ਹੀਦ ਹੋਣ ਵਾਲੇ ਸੈਪਰ ਨੂੰ ਕੰਧਾਰ ਏਅਰਫੀਲਡ ਵਿੱਚ ਸਭਨਾਂ ਨੇ ਯਾਦ ਕੀਤਾ। 25 ਸਾਲਾਂ ਦਾ ਸੈਪਰ ਪੇਤਾਵਾਵਾ, ਓਨਟਾਰੀਓ ਵਿਖੇ 2 ਕੌਮਬੈਟ ਇੰਜੀਨੀਅਰ ਰੈਜੀਮੈਂਟ ਦੀ 24 ਫੀਲਡ ਇੰਜੀਨੀਅਰ ਸਕੁਆਰਡਨ ਦਾ ਮੈਂਬਰ ਸੀ। ਉਹ ਇਸ ਵੇਲੇ ਰੌਇਲ ਕੈਨੇਡੀਅਨ ਰੈਜੀਮੈਂਟ ਬੈਟਲ ਗਰੁੱਪ ਦੀ ਤੀਜੀ ਬਟਾਲੀਅਨ ਵਿੱਚ ਸੇਵਾ ਨਿਭਾਅ ਰਿਹਾ ਸੀ। ਉਸ ਦੇ ਅੰਤਿਮ ਦਰਸ਼ਨਾਂ ਤੇ ਅੰਤਿਮ ਕਿਰਿਆਵਾਂ ਨੂੰ ਪੂਰਾ ਕਰਨ ਲਈ ਉਸ ਦੀ ਦੇਹ ਨੂੰ ਕੈਨੇਡਾ ਰਵਾਨਾ ਕਰ ਦਿੱਤਾ ਗਿਆ ਹੈ। ਇਸ ਬੈਟਲ ਗਰੁੱਪ ਦੇ ਕਮਾਂਡਿੰਗ ਅਧਿਕਾਰੀ ਲੈਫਟੀਨੈਂਟ ਕਰਨਲ ਰੌਜਰ ਬੈਰੈਂਟ ਨੇ ਕਿਹਾ ਕਿ ਸੈਪਰ ਥਕਾਵਟ ਭਰੇ ਦਿਨਾਂ ਵਿੱਚ ਵੀ ਮਜ਼ਾਕ ਮਸਤੀ ਕਰਕੇ ਆਪਣੇ ਸਾਥੀਆਂ ਨੂੰ ਹੌਲਾ ਫੁੱਲ ਕਰ ਦਿੰਦਾ ਸੀ। ਲੈਫਟੀਨੈਂਟ ਕਰਨਲ ਬੈਰੈਂਟ ਨੇ ਕਿਹਾ ਕਿ ਜਦੋਂ ਉਹ ਗਿਟਾਰ ਵਜਾਉਂਦਾ ਸੀ ਤਾਂ ਉਸ ਦੇ ਆਲੇ ਦੁਆਲੇ ਭੀੜ ਜੁੜ ਜਾਂਦੀ ਸੀ ਤੇ ਕਈ ਕੁੜੀਆਂ ਵੀ ਉਸ ਦੀਆਂ ਦੀਵਾਨੀਆਂ ਹੋ ਜਾਂਦੀਆਂ ਸਨ। ਉਸ ਦਾ ਸੁਭਾਅ ਬੜਾ ਮਿੱਠਾ ਤੇ ਅਪਣੱਤ ਭਰਿਆ ਸੀ ਤੇ ਉਹ ਬਹੁਤ ਹੀ ਰੌਣਕੀ ਇਨਸਾਨ ਸੀ। ਸੈਪਰ ਗ੍ਰੀਨਫੀਲਡ ਸ਼ਨਿੱਚਰਵਾਰ ਨੂੰ ਉਦੋਂ ਸ਼ਹੀਦ ਹੋ ਗਿਆ ਜਦੋਂ ਉਸ ਦੀ ਹਥਿਆਰਾਂ ਨਾਲ ਭਰੀ ਗੱਡੀ ਕੰਧਾਰ ਦੇ ਪੱਛਮੀ ਇਲਾਕੇ ਵਿੱਚ ਸੜਕ ਕਿਨਾਰੇ ਬੰਬ ਦੀ ਲਪੇਟ ਵਿੱਚ ਆ ਗਈ। ਉਹ 11ਵਾਂ ਕੈਨੇਡੀਅਨ ਸੈਨਿਕ ਹੈ ਜਿਹੜਾ ਦਸੰਬਰ ਤੋਂ ਲੈ ਕੇ ਹੁਣ ਤੱਕ ਸ਼ਹੀਦ ਹੋਏ ਕੈਨੇਡੀਅਨ ਜਵਾਨਾਂ ਵਿੱਚੋਂ ਇੱਕ ਹੈ, ਇਨ੍ਹਾਂ ਵਿੱਚੋਂ ਸਾਰੇ ਹੀ ਸੜਕ ਕਿਨਾਰੇ ਹੋਏ ਬੰਬ ਧਮਾਕਿਆਂ ਕਾਰਨ ਸ਼ਹੀਦ ਹੋਏ। ਕੰਧਾਰ ਵਿੱਚ ਤਾਲਿਬਾਨਾਂ ਨੇ ਵੱਡੀ ਪੱਧਰ ਉੱਤੇ ਗੱਠਜੋੜ ਫੌਜਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਲੈਫਟੀਨੈਂਟ ਕਰਨਲ ਬੈਰੈਂਟ ਨੇ ਦੱਸਿਆ ਕਿ ਸੈਪਰ, ਪੰਜਵਾਈ ਅਤੇ ਜ਼੍ਹਾਰੀ ਇਲਾਕਿਆਂ ਵਿੱਚ ਤਾਲਿਬਾਨਾਂ ਵੱਲੋਂ ਬੰਬ ਬਣਾਉਣ ਤੇ ਹਥਿਆਰਾਂ ਨੂੰ ਸਾਂਭ ਕੇ ਰੱਖਣ ਵਾਲੀਆਂ ਥਾਵਾਂ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਵਿੱਢੀ ਗਈ ਤਿੰਨ ਜਾਂ ਚਾਰ ਰੋਜ਼ਾ ਮੁਹਿੰਮ ਦਾ ਹਿੱਸਾ ਸੀ। ਇਸ ਕਾਰਵਾਈ ਵਿੱਚ ਬਰਤਾਨੀਆ ਦੇ ਮਰੀਨਜ਼, ਅਮਰੀਕਾ ਦੀਆਂ ਫੌਜੀ ਟੁਕੜੀਆਂ ਅਤੇ ਅਫਗਾਨ ਨੈਸ਼ਨਲ ਆਰਮੀ ਦੇ ਜਵਾਨਾਂ ਨੇ ਵੀ ਹਿੱਸਾ ਲਿਆ ਸੀ। ਇਸ ਮੁਹਿੰਮ ਦੌਰਾਨ ਸੈਨਿਕਾਂ ਨੂੰ ਵੱਡੀ ਮਾਤਰਾ ਵਿੱਚ ਧਮਾਕਾਖੇਜ਼ ਸਮੱਗਰੀ ਮਿਲੀ। ਗੱਠਜੋੜ ਫੌਜਾਂ ਨੇ ਅਤਿਆਧੁਨਿਕ ਧਮਾਕਾਖੇਜ਼ ਯੰਤਰ ਤਿਆਰ ਕਰਨ ਵਾਲੀ ਫੈਕਟਰੀ ਵੀ ਉਡਾ ਦਿੱਤੀ।

## ਇਰਾਨ ਵੱਲੋਂ ਲਾਂਚ ਸੈਟੇਲਾਈਟ ਤੇ ਅਮਰੀਕਾ ਨੇ ਪ੍ਰਗਟਾਈ ਚਿੰਤਾ

ਤਹਿਰਾਨ- ਇਰਾਨ ਨੇ ਇਹ ਦਾਅਵਾ ਕੀਤਾ ਹੈ ਕਿ ਘਰੇਲੂ ਪੱਧਰ ਉਤੇ ਤਿਆਰ ਕੀਤਾ ਸੈਟੇਲਾਈਟ ਉਸ ਵੱਲੋਂ ਪਹਿਲੀ ਵਾਰ ਲਾਂਚ ਕੀਤਾ ਗਿਆ ਹੈ। ਇਸ ਨਾਲ ਤਹਿਰਾਨ ਦੇ ਪਰਮਾਣੂ ਮਨਸੂਬਿਆਂ ਬਾਬਤ ਪੱਛਮੀ ਦੇਸ਼ਾਂ ਵਿੱਚ ਇੱਕ ਵਾਰ ਫਿਰ ਚਿੰਤਾ ਦੀ ਲਹਿਰ ਦੌੜ ਗਈ ਹੈ। 1979 ਵਿੱਚ ਅਮਰੀਕਾ ਦੇ ਥਾਪੜੇ ਵਾਲੇ ਸ਼ਾਹ ਨੂੰ ਬਾਹਰ ਦਾ ਰਸਤਾ ਦਿਖਾਉਣ ਵਾਲੀ ਇਸਲਾਮਿਕ ਬਗਾਵਤ ਦੀ 30ਵੀਂ ਵਰ੍ਹੇਗੰਢ ਮੌਕੇ ਇਤਫਾਕਨ ਇਸ ਸੈਟੇਲਾਈਟ ਨੂੰ ਲਾਂਚ ਕਰਨ ਦਾ ਸਬੱਬ ਬਣ ਗਿਆ। ਇਰਾਨ ਦਾ ਕਹਿਣਾ ਹੈ ਕਿ ਪੁਲਾੜ ਤਕਨਾਲੋਜੀ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਭੇਜੀ ਗਈ ਖੋਜ ਅਤੇ ਟੈਲੀਕਾਮ ਸੈਟੇਲਾਈਟ ਓਮਿਡ (ਆਸ) ਇੱਕ ਵੱਡੀ ਪੁਲਾਂਘ ਹੈ। ਇਸ ਲਾਂਚ ਨੂੰ ਸਫਲ ਦੱਸਦਿਆਂ ਰਾਸ਼ਟਰਪਤੀ ਮਹਿਮੂਦ ਅਹਿਮਦੀਨੇਜਾਦ ਨੇ ਟੀ ਵੀ ਰਾਹੀਂ ਜਨਤਾ ਦੇ ਨਾਂ ਦਿੱਤੇ ਸੁਨੇਹੇ ਵਿੱਚ ਕਿਹਾ ਕਿ ਪਿਆਰੇ ਇਰਾਨ ਵਾਸੀਓ ਅਸੀਂ ਪਹਿਲੀ ਵਾਰ ਸੈਟੇਲਾਈਟ ਸਫਲਤਾਪੂਰਵਕ ਲਾਂਚ ਕਰਨ ਵਿੱਚ ਕਾਮਯਾਬੀ ਹਾਸਲ ਕਰ ਲਈ ਹੈ। ਰੱਖਿਆ ਮੰਤਰੀ ਮੁਸਤਫਾ ਮੁਹੰਮਦ ਨਾਜਰ ਨੇ ਕਿਹਾ ਕਿ ਓਮਿਡ ਨੂੰ ਧਰਤੀ ਦੇ ਗ੍ਰਹਿ ਪੱਥ ਵਿੱਚ ਛੱਡਿਆ ਗਿਆ ਹੈ। ਉਸ ਨਾਲ ਸੰਪਰਕ ਕਾਇਮ ਕੀਤਾ ਜਾ ਚੁੱਕਿਆ ਹੈ ਅਤੇ ਸਾਨੂੰ ਲੋੜੀਂਦੀ ਜਾਣਕਾਰੀ ਵੀ ਹਾਸਲ ਹੋ ਗਈ ਹੈ। ਇਰਾਨ ਦੇ ਇੱਕ ਸਿਆਸੀ ਮਾਹਰ ਨੇ ਕਿਹਾ ਕਿ ਓਮਿਡ ਨੂੰ ਪੁਲਾੜ ਵਿੱਚ ਭੇਜਣ ਨਾਲ ਦੁਨੀਆਂ ਨੂੰ ਇਹ ਸੁਨੇਹਾ ਜਾਂਦਾ ਹੈ ਕਿ ਇਰਾਨ ਬਹੁਤ ਹੀ ਸ਼ਕਤੀਸ਼ਾਲੀ ਦੇਸ਼ ਹੈ ਅਤੇ ਤੁਹਾਨੂੰ ਸਾਡੇ ਨਾਲ ਸਹੀ ਢੰਗ ਨਾਲ ਸਿੱਝਣਾ ਹੋਵੇਗਾ।

ਦੂਜੇ ਪਾਸੇ ਵਾਸ਼ਿੰਗਟਨ ਵਿੱਚ ਵਾਈਟ ਹਾਊਸ ਦੇ ਤਰਜਮਾਨ ਰਾਬਰਟ ਗਿੱਬਜ਼ ਨੇ ਕਿਹਾ ਕਿ ਮਿਜ਼ਾਇਲ ਦੀ ਡਿਲਵਰੀ ਸਬੰਧੀ ਸਮਰੱਥਾ, ਪਰਮਾਣੂ ਪ੍ਰੋਗਰਾਮ ਜਾਰੀ ਰੱਖਣ ਦੀਆਂ ਕੋਸ਼ਿਸ਼ਾਂ, ਇਜ਼ਰਾਇਲ ਲਈ ਖਤਰਾ ਬਣ ਰਹੇ ਇਰਾਨ ਅਤੇ ਅੱਤਵਾਦ ਨੂੰ ਸ਼ਹਿ ਦੇਣ ਦੀਆਂ ਇਸ ਦੀਆਂ ਕਾਰਵਾਈਆਂ ਅਮਰੀਕੀ ਪ੍ਰਸ਼ਾਸਨ ਲਈ ਵਧੇਰੇ ਚਿੰਤਾ ਦਾ ਵਿਸ਼ਾ ਹਨ। ਗਿੱਬਜ਼ ਨੇ ਪਿਛਲੇ ਮਹੀਨੇ ਅਮਰੀਕਾ ਦੇ ਰਾਸ਼ਟਰਪਤੀ ਦਾ ਸਾਂਭਣ ਵਾਲੇ ਬਰਾਕ ਓਬਾਮਾ ਦੇ ਲਫਜ਼ਾਂ ਨੂੰ ਦੁਹਰਾਉਂਦਿਆਂ ਕਿਹਾ ਕਿ ਅਸੀਂ ਇਰਾਨ ਨਾਲ ਸਿੱਝਣ ਲਈ ਆਪਣੀ ਪੂਰੀ ਵਾਹ ਲਾਵਾਂਗੇ ਅਤੇ ਉਸ ਨੂੰ ਕੌਮਾਂਤਰੀ ਭਾਈਚਾਰੇ ਦਾ ਜ਼ਿੰਮੇਵਾਰ ਮੈਂਬਰ ਬਣਾਉਣ ਵਿੱਚ ਮੱਦਦ ਕਰਾਂਗੇ। ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਕਿ ਅਮਰੀਕਾ ਇਰਾਨ ਨਾਲ ਨਰਮੀ ਵਰਤੇਗਾ, ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬੁਸ਼ ਦੀਆਂ ਸਖਤ ਨੀਤੀਆਂ ਦੀ ਥਾਂ ਉਤੇ ਨਰਮੀ ਤੋਂ ਕੰਮ ਲਿਆ ਜਾਵੇਗਾ ਪਰ ਇਰਾਨ ਨੂੰ ਵੀ ਆਪਣਾ ਰਵੱਈਆ ਨਰਮ ਕਰਨਾ ਹੋਵੇਗਾ।

ਇਰਾਨ ਨੇ ਬਹੁਤ ਪਹਿਲਾਂ ਇਹ ਕਿਹਾ ਸੀ ਕਿ ਉਸਦਾ ਪਰਮਾਣੂ ਪ੍ਰੋਗਰਾਮ ਘਰੇਲੂ ਊਰਜਾ ਨਾਲ ਹੀ ਸਬੰਧਤ ਹੈ। ਇਸੇ ਦੌਰਾਨ ਦੁਨੀਆਂ ਦੀਆਂ 6 ਅਹਿਮ ਸ਼ਕਤੀਆਂ ਅਮਰੀਕਾ, ਰੂਸ, ਬਰਤਾਨੀਆ, ਫਰਾਂਸ, ਜਰਮਨੀ ਅਤੇ ਚੀਨ ਦੇ ਸੀਨੀਅਰ ਅਧਿਕਾਰੀ ਇਰਾਨ ਦੇ ਪਰਮਾਣੂ

ਪ੍ਰੋਗਰਾਮ ਬਾਰੇ ਉਸ ਨਾਲ ਗੱਲਬਾਤ ਕਰਨਗੇ। ਅਮਰੀਕਾ ਦੇ ਰਾਸ਼ਟਰਪਤੀ ਓਬਾਮਾ ਵੱਲੋਂ ਅਹੁਦਾ ਸਾਂਭੇ ਜਾਣ ਤੋਂ ਬਾਅਦ ਇਹ ਆਪਣੀ ਕਿਸਮ ਦੀ ਪਹਿਲੀ ਮੀਟਿੰਗ ਹੋਵੇਗੀ। ਬਰਤਾਨੀਆ ਅਤੇ ਫਰਾਂਸ ਦੇ ਵਿਦੇਸ਼ ਮੰਤਰੀਆਂ ਨਾਲ ਇੱਕ ਵੱਖਰੀ ਮੁਲਾਕਾਤ ਤੋਂ ਬਾਅਦ ਕਲਿੰਟਨ ਨੇ ਕਿਹਾ ਕਿ ਤਹਿਰਾਨ ਨਾਲ ਸਖਤ ਅਤੇ ਸਿੱਧੀ ਕੂਟਨੀਤੀ ਤੋਂ ਕੰਮ ਲਿਆ ਜਾਵੇਗਾ ਅਤੇ ਜੇ ਇਰਾਨ ਕੌਮਾਂਤਰੀ ਮੰਗਾਂ ਪ੍ਰਤੀ ਸਹਿਯੋਗ ਨਹੀਂ ਦਿੰਦਾ ਤਾਂ ਉਸ ਨੂੰ ਨਤੀਜੇ ਤਾਂ ਭੁਗਤਣੇ ਹੀ ਪੈਣਗੇ। ਅਮਰੀਕਾ ਦੇ ਇੱਕ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਵੀ ਇਸ ਗੱਲ ਦੀ ਸਮਝ ਨਹੀਂ ਆਈ ਕਿ ਇਰਾਨ ਅਖੀਰ ਆਪਣੇ ਇਸ ਸੈਟੇਲਾਈਟ ਦੀ ਵਰਤੋਂ ਕਿਸ ਤਰ੍ਹਾਂ ਕਰਨੀ ਚਾਹੁੰਦਾ ਹੈ ਅਤੇ ਅਮਰੀਕਾ ਹਾਲ ਦੀ ਘੜੀ ਇਸ ਬਾਰੇ ਹੋਰ ਡੂੰਘਾਈ ਨਾਲ ਜਾਨਣਾ ਚਾਹੁੰਦਾ ਹੈ। ਦੂਜੇ ਪਾਸੇ ਇਰਾਨ ਦੇ ਵਿਦੇਸ਼ ਮੰਤਰੀ ਮਨੌਚਹਿਰ ਮੋਟਾਕੀ ਜੋ ਕਿ ਇਥੋਪੀਆ ਦੇ ਦੌਰੇ ਉਤੇ ਹਨ, ਨੇ ਕਿਹਾ ਕਿ ਇਸ ਸੈਟੇਲਾਈਟ ਪਿੱਛੇ ਸਾਡਾ ਸ਼ਾਂਤੀਪੂਰਨ ਮਕਸਦ ਹੈ। ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟਰੈਟੇਜਿਕ ਸਟੱਡੀਜ਼ ਦੇ ਲੰਡਨ ਵਿਚਲੇ ਥਿੰਕ ਟੈਂਕ ਦੇ ਐਂਡਰਿਊ ਬਰੁਕਸ ਨੇ ਕਿਹਾ ਕਿ ਇਸ ਨਾਲ ਇਜ਼ਰਾਇਲ ਅਤੇ ਇਸ ਸਮੁੱਚੇ ਖਿੱਤੇ ਵਿੱਚ ਚਿੰਤਾ ਦੀ ਲਹਿਰ ਦੌੜ ਗਈ ਹੈ।

## ਬਰਤਾਨਵੀ ਫੌਜ ਦੀ ਇਰਾਕ ਤੋਂ ਵਾਪਸੀ 31 ਮਈ ਤੋਂ

ਵਾਸ਼ਿੰਗਟਨ- ਬਰਤਾਨੀਆ ਦੇ ਇੱਕ ਸੀਨੀਅਰ ਕਮਾਂਡਰ ਨੇ ਕਿਹਾ ਹੈ ਕਿ ਇਰਾਕ ਵਿੱਚੋਂ ਬਰਤਾਨਵੀ ਫੌਜ ਦੀ ਵਾਪਸੀ ਦੇ ਹਾਲਾਤ ਬਣ ਗਏ ਹਨ ਅਤੇ ਫੌਜ 32 ਮਈ ਤੋਂ ਵਾਪਸ ਜਾਣੀ ਸ਼ੁਰੂ ਹੋ ਜਾਵੇਗੀ। ਦੱਖਣੀ-ਪੂਰਬੀ, ਇਰਾਕ ਵਿੱਚ ਗਠਜੋੜ ਫੌਜਾਂ ਦੇ ਕਮਾਂਡਰ ਮੇਜਰ ਜਨਰਲ ਐਂਡੀ ਸਾਲਮਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਗੋਰਡਨ ਬਰਾਊਨ ਦੇ ਜੁਲਾਈ ਦੇ ਅੰਤ ਤੱਕ 4000 ਫੌਜੀਆਂ ਦੀ ਵਾਪਸੀ ਦਾ ਟੀਚਾ ਸੂਬਾਈ ਪ੍ਰੀਸ਼ਦ ਦੀਆਂ ਚੋਣਾਂ ਸ਼ਾਂਤੀਪੂਰਨ ਕਰਾ ਕੇ ਪੂਰਾ ਕਰ ਲਿਆ ਹੈ।

ਮੇਜਰ ਜਨਰਲ ਸਾਲਮਨ ਨੇ ਵੀਡਿਓ ਕਾਨਫਰੰਸਿੰਗ ਰਾਹੀਂ ਬਸਰਾ ਤੋਂ ਪੈਂਟਾਗਨ ਦੇ ਪੱਤਰਕਾਰਾਂ ਨੂੰ ਕਿਹਾ ਕਿ ਅਸੀਂ ਹਾਲਾਤ ਪੂਰੀ ਤਰ੍ਹਾਂ ਤਿਆਰ ਕਰ ਲਏ ਹਨ, ਇਸ ਦੇ ਮੱਦੇਨਜ਼ਰ ਅਸੀਂ ਬਰਤਾਨਵੀ ਫੌਜੀਆਂ ਨੂੰ ਵਾਪਸ ਜਾਂਦੇ ਹੋਏ ਦੇਖਾਂਗੇ। ਉਹ 31 ਮਈ ਤੱਕ ਆਪਣਾ ਮਿਸ਼ਨ ਪੂਰਾ ਕਰ ਲੈਣਗੇ ਅਤੇ 31 ਜੁਲਾਈ ਤੱਕ ਬਰਤਾਨਵੀ ਫੌਜ ਇਰਾਕ ਵਿੱਚੋਂ ਵਾਪਸ ਚਲੀ ਜਾਵੇਗੀ।

ਉਨ੍ਹਾਂ ਕਿਹਾ ਕਿ ਬਰਾਊਨ ਦੇ ਬਸਰਾ ਕੌਮਾਂਤਰੀ ਹਵਾਈ ਅੱਡੇ ਦਾ ਕੰਟਰੋਲ ਇਰਾਕੀ ਅਧਿਕਾਰੀਆਂ ਨੂੰ ਸੌਂਪਣ ਅਤੇ ਖੇਤਰ ਦੀ ਅਰਥ ਵਿਵਸਥਾ ਨੂੰ ਪਟੜੀ ’ਤੇ ਲਿਆਉਣ ਦੇ ਦੋ ਹੋਰ ਟੀਚੇ ਪਹਿਲਾਂ ਹੀ ਪੂਰੇ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਸ਼ਨੀਵਾਰ ਨੂੰ ਚੋਣਾਂ ਹੋ ਜਾਣ ਨਾਲ ਇਹ ਸਾਬਤ ਹੋ ਗਿਆ ਹੈ ਕਿ ਇਰਾਕੀ ਸੁਰੱਖਿਆ ਬਲ ਕਿਸੇ ਵੀ ਪ੍ਰਕਾਰ ਦੀ ਸਿਆਸੀ ਹਿੰਸਾ ਨਾਲ ਨਜਿੱਠਣ ਦੇ ਸਮਰੱਥ ਹਨ। ਮੇਜਰ ਜਨਰਲ ਸਾਲਮਨ ਨੇ ਕਿਹਾ ਕਿ ਇਨ੍ਹਾਂ ਦਿਨਾਂ ਵਰਗੀ ਸ਼ਾਂਤੀ ਉਥੇ ਲੜਾਈ ਸ਼ੁਰੂ ਹੋਣ ਤੋਂ ਬਾਅਦ ਨਹੀਂ ਦੇਖੀ ਗਈ। ਇਸ ਨਾਲ ਇਥੇ ਨਿਵੇਸ਼ ਨੂੰ ਬੜ੍ਹਾਵਾ ਮਿਲ ਰਿਹਾ ਹੈ। ਖੇਤਰੀ ਉਦਯੋਗਪਤੀਆਂ ਨੂੰ ਨਿਵੇਸ਼ ਦੇ 17 ਪ੍ਰਸਤਾਵ ਮਿਲੇ ਹਨ।

## 18 ਲੱਖ ਸਾਲ ਪੁਰਾਣਾ ਪੱਥਰ ਦਾ ਹਥਿਆਰ ਮਿਲਿਆ

ਕੁਆਲਾਲੰਪੁਰ- ਮਲੇਸ਼ੀਆਈ ਪੁਰਾਤੱਤਵ ਵਿਗਿਆਨੀਆਂ ਨੇ 18 ਲੱਖ ਸਾਲ ਤੋਂ ਵੀ ਵੱਧ ਪੁਰਾਣੇ ਪੱਥਰ ਦੇ ਹਥਿਆਰ ਨੂੰ ਖੋਜ ਕੱਢਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਦੱਖਣੀ ਪੂਰਬੀ ਏਸ਼ੀਆ ’ਚ ਮਨੁੱਖ ਦੇ ਪੂਰਵਜਾਂ ਦਾ ਇਹ ਸ਼ੁਰੂਆਤੀ ਸਬੂਤ ਹੈ। ਇਸ ਕੁਹਾੜੀ ਨੁਮਾ ਪੱਥਰ ਨੂੰ ਪਿਛਲੇ ਸਾਲ ਉਤਰੀ ਪੇਰਕ ਪ੍ਰਾਂਤ ’ਚ ਇਤਿਹਾਸਕ ਮਹੱਤਵ ਦੇ ਸਥਾਨ ਲੇਂਗਗੋਂਗ ਤੋਂ ਪ੍ਰਾਪਤ ਕੀਤਾ ਗਿਆ। ਇਸ ਨੂੰ ਜਪਾਨ ਦੀ ਲੈਬਾਰਟਰੀ ’ਚ ਭੇਜਿਆ ਗਿਆ ਸੀ।

ਪੁਰਾਤੱਤਵਾਦੀਆਂ ਦੇ ਦਲ ਦੇ ਮੁਖੀ ਮੁਖਤਾਰ ਸੈਦੀਨ ਨੇ ਦੱਸਿਆ ਜਪਾਨ ਤੋਂ ਇਹ ਖਬਰ ਮਿਲੀ ਕਿ ਇਹ 18 ਲੱਖ 30 ਹਜ਼ਾਰ ਸਾਲ ਪੁਰਾਣਾ ਹੈ। ਸੈਦੀਨ ਨੇ ਦੱਸਿਆ ਕਿ ਇਹ ਪੁਰਾਪਾਸ਼ਾਣ ਕਾਲ ਦਾ ਮੁੱਢਲਾ ਸਬੂਤ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਕੁਹਾੜੀਆਂ ਦਾ ਇਸਤੇਮਾਲ ਸਿੱਧੇ ਖੜੇ ਹੋ ਕੇ ਚੱਲਣ ਵਾਲੇ ਸ਼ੁਰੂਆਤੀ ਮਨੁੱਖ ਕਰਦੇ ਹੁੰਦੇ ਸਨ।

## ਹੁਣ ਚੀਨ ਦੇ ਪ੍ਰਧਾਨ ਮੰਤਰੀ ’ਤੇ ਸੁੱਟੀ ਜੁੱਤੀ

ਕੈਂਬ੍ਰਿਜ- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ’ਤੇ ਇਰਾਕ ’ਚ ਸੁੱਟੀਆਂ ਗਈਆਂ ਜੁੱਤੀਆਂ ਦੀ ਖ਼ਬਰ ਦੇ ਚਰਚੇ ਅਜੇ ਮੱਠੇ ਨਹੀਂ ਪਏ ਕਿ ਹੁਣ ਚੀਨ ਦੇ ਪ੍ਰਧਾਨ ਮੰਤਰੀ ਨਾਲ ਵੀ ਅਜਿਹਾ ਹੀ ਹੋਇਆ ਹੈ। ਚੀਨ ਦੇ ਪ੍ਰਧਾਨ ਮੰਤਰੀ ਵੇਨ ਜੀਆਬਾਓ ਦੇ ਬਰਤਾਨੀਆ ਦੀ ਕੈਂਬ੍ਰਿਜ ਯੂਨੀਵਰਸਿਟੀ ’ਚ ਦਿੱਤੇ ਜਾ ਰਹੇ ਭਾਸ਼ਣ ਨੂੰ ਉਦੋਂ ਰੋਕਣਾ ਪਿਆ, ਜਦੋਂ ਇੱਕ ਵਿਅਕਤੀ ਨੇ ਉਨ੍ਹਾਂ ਵੱਲ ਬੂਟ ਵਗਾਹ ਮਾਰਿਆ। ਨਾਲ ਹੀ ਇਹ ਵਿਅਕਤੀ ਚੀਕਿਆ, ‘ਇਹ ਇੱਕ ਘੋਟਾਲਾ ਹੈ।’ ਸੁਰੱਖਿਆ ਅਮਲੇ ਨੇ ਉਸੇ ਵੇਲੇ ਇਸ ਵਿਅਕਤੀ ਨੂੰ ਕਾਬੂ ਕਰ ਲਿਆ।

ਸ੍ਰੀ ਵੇਨ ਯੂਰਪ ਦੇ ਪੰਜ ਦੇਸ਼ਾਂ ਦੇ ਦੌਰੇ ਦੇ ਅੰਤਿਮ ਦਿਨ ਇਸ ਯੂਨੀਵਰਸਿਟੀ 'ਚ ਆਪਣਾ ਭਾਸ਼ਣ ਦੇ ਰਹੇ ਸਨ। ਸਫੈਦ ਟੀ-ਸ਼ਰਟ ਪਹਿਨੀ ਇਹ ਨੌਜਵਾਨ ਚੀਕ ਰਿਹਾ ਸੀ ਕਿ ਇਸ ਤਾਨਾਸ਼ਾਹ ਦੀਆਂ ਝੂਠੀਆਂ ਗੱਲਾਂ ਤੁਸੀਂ ਕਿਵੇਂ ਸੁਣ ਸਕਦੇ ਹੋ ? ਤੁਸੀਂ ਉਸ ਨੂੰ ਚੁਣੌਤੀ ਨਹੀਂ ਦੇ ਰਹੇ। ਉਸ ਨੇ ਆਡੀਟੋਰੀਅਮ ਦੇ ਪਿਛਲੇ ਪਾਸਿਓਂ ਬੂਟ ਸੁੱਟਿਆ, ਜਿਹੜਾ ਕਿ ਚੀਨੀ ਪ੍ਰਧਾਨ ਮੰਤਰੀ ਤੋਂ ਕੇਵਲ ਇੱਕ ਗਜ਼ ਦੀ ਦੂਰੀ 'ਤੇ ਡਿੱਗਾ। ਨੌਜਵਾਨ ਨੇ ਸੀਟੀ ਵੀ ਮਾਰੀ। ਜਦੋਂ ਉਸ ਨੂੰ ਬਾਹਰ ਲਿਜਾਇਆ ਜਾ ਰਿਹਾ ਸੀ ਤਾਂ ਵੀ ਉਹ ਚੀਕਦਾ ਰਿਹਾ ਅਤੇ ਲੋਕਾਂ ਨੂੰ ਵਿਰੋਧ ਕਰਨ ਲਈ ਉਕਸਾਉਂਦਾ ਰਿਹਾ।